**ਪੰਜਾਬ ਸਰਕਾਰ**
**ਸਕੂਲ ਸਿੱਖਿਆ ਵਿਭਾਗ**

ਵੱਲ;

1. ਸਮੂਹ ਜਿਲ੍ਹਾ ਸਿਖਿਆ ਅਫਸਰ(ਸੈ:ਸਿ/ਐ:ਸਿ) ਪੰਜਾਬ।
2. ਸਮੂਹ ਸਕੂਲ ਮੁੱਖੀ।

ਮੀਮੋ ਨੰਬਰ 15/55-2019 ਏ (1)/2020331333
ਮਿਤੀ: ਸ.ਅ.ਸ.ਨਗਰ, 17/12/2020

ਵਿਸ਼ਾ:- ਮਹੱਤਵਪੂਰਨ ਸ਼ਖਸੀਅਤਾਂ ਦੇ ਨਾਂ ਤੇ ਵਿਦਿਅਕ ਅਦਾਰਿਆਂ ਦੇ ਨਾਂ ਰੱਖਣ ਸਬੰਧੀ ਪ੍ਰੀਕ੍ਰਿਆ ਨੂੰ ਸਰਲ ਬਣਾਉਣ ਸਬੰਧੀ।

1.0 ਪੰਜਾਬ ਰਾਜ ਦੇ ਵਿਦਿਅਕ ਅਦਾਰਿਆਂ ਦੇ ਨਾਮ ਮਹੱਤਵਪੂਰਨ ਸ਼ਖਸੀਅਤਾਂ ਦੇ ਨਾਮ ਤੇ ਰੱਖਣ ਸਬੰਧੀ ਮੌਜੂਦਾ ਸਮੇਂ ਜੋ ਵਿਧੀ ਅਪਣਾਈ ਜਾ ਰਹੀ ਹੈ , ਉਸ ਵਿੱਚ ਪਹਿਲਾਂ ਸਕੂਲ ਮੁੱਖੀ ਪੰਚਾਇਤ ਦਾ ਮਤਾ, ਐਸ.ਐਮ.ਸੀ ਦਾ ਮਤਾ, ਮੌਤ ਦਾ ਸਰਟੀਫਿਕੇਟ, ਅਵਾਰਡ ਦਾ ਸਬੂਤ ਅਤੇ ਜੀਵਨੀ ਆਦਿ ਸਬੰਧਤ ਜਿਲ੍ਹਾ ਸਿਖਿਆ ਅਫਸਰ ਨੂੰ ਭੇਜਦਾ ਹੈ। ਉਸ ਉਪਰੰਤ ਦਫਤਰ ਜਿਲ੍ਹਾ ਸਿਖਿਆ ਅਫਸਰ (ਸੈ:ਸਿ) ਵੱਲੋਂ ਐਸ.ਐਸ.ਪੀ. , ਜਿਲ੍ਹਾ ਰੱਖਿਆ ਸੇਵਾਵਾਂ ਭਲਾਈ ਵਿਭਾਗ ਵੱਲੋਂ ਰਿਪੋਰਟ/ਸਿਫਾਰਸ਼ ਪ੍ਰਾਪਤ ਕਰਕੇ ਡਿਪਟੀ ਕਮਿਸ਼ਨਰ ਦੇ ਦਫਤਰ ਵਿਖੇ ਸਿਫਾਰਸ਼ ਲਈ ਭੇਜਿਆ ਜਾਂਦਾ ਹੈ। ਡਿਪਟੀ ਕਮਿਸ਼ਨਰ ਦੀ ਸਿਫਾਰਸ਼ ਪ੍ਰਾਪਤ ਕਰਨ ਉਪਰੰਤ ਮੁਕੰਮਲ ਕੇਸ ਡਾਇਰੈਕਟੋਰੇਟ ਵਿਖੇ ਭੇਜਿਆ ਜਾਂਦਾ ਹੈ। ਡਾਇਰੈਕਟੋਰੇਟ ਵਿਖੇ ਹਰ ਮਹੀਨੇ ਦੇ ਆਖਰੀ ਸ਼ੁਕਰਵਾਰ ਨੂੰ ਮੁਕੰਮਲ ਕੇਸਾਂ ਨੂੰ ਕਮੇਟੀ ਦੀ ਮੀਟਿੰਗ ਵਿੱਚ ਵਿਚਾਰਿਆ ਜਾਂਦਾ ਹੈ। ਇਸ ਤਰ੍ਹਾਂ ਕਰਨ ਨਾਲ ਵੱਖ -ਵੱਖ ਪੱਧਰ ਤੇ ਅਧਿਕਾਰੀਆਂ/ਕਰਮਚਾਰੀਆਂ ਦਾ ਕੀਮਤੀ ਸਮਾਂ ਨਸ਼ਟ ਹੁੰਦਾ ਹੈ।

2.0 ਇਸ ਕਾਰਜ ਵਿਧੀ ਨੂੰ ਸਰਲ ਬਣਾਉਣ ਲਈ ਸਿੱਖਿਆ ਵਿਭਾਗ,ਪੰਜਾਬ ਵੱਲੋਂ ਆਨ-ਲਾਈਨ ਪੋਰਟਲ ਤਿਆਰ ਕੀਤਾ ਗਿਆ ਹੈ। ਸਬੰਧਤ ਸਕੂਲ ਮੁੱਖੀ ਵਿਭਾਗ ਦੀਆਂ ਹਦਾਇਤਾਂ ਅਨੁਸਾਰ ਹੇਠ ਲਿਖੇ ਦਸਤਾਵੇਜ **epunjabschool.gov.in** ਪੋਰਟਲ ਤੇ **login** ਕਰਕੇ ਆਨਲਾਈਨ ਅਪਲਾਈ ਕਰਨਗੇ:-

2.1 ਪੰਚਾਇਤ ਦਾ ਮਤਾ
2.2 ਐਸ.ਐਮ.ਸੀ. ਦਾ ਮਤਾ
2.3 ਮੌਤ ਦਾ ਸਰਟੀਫਿਕੇਟ
2.4 ਮੈਡਲ ਜਾਂ ਅਵਾਰਡ ਦਾ ਸਬੂਤ
2.5 ਸ਼ਹੀਦ ਦੀ ਜੀਵਨੀ (500 ਸ਼ਬਦਾਂ ਵਿੱਚ)।

3.0 ਆਨਲਾਈਨ ਕੇਸ ਪ੍ਰਾਪਤ ਹੋਣ ਦੇ 14 ਦਿਨਾਂ ਦੇ ਅੰਦਰ ਅੰਦਰ ਆਨਲਾਈਨ ਪ੍ਰਾਪਤ ਹੋਣ ਵਾਲੇ ਕੇਸਾਂ ਦੇ ਆਧਾਰ ਤੇ ਮੀਟਿੰਗ ਦਾ ਅਜੰਡਾ ਤਿਆਰ ਕਰਕੇ ਕਮੇਟੀ ਦੇ ਮੈਂਬਰਾਂ ਨੂੰ ਸੂਚਿਤ ਕੀਤਾ ਜਾਵੇਗਾ।

4.0 ਕਮੇਟੀ ਦੀ ਮੀਟਿੰਗ ਹੋਣ ਉਪਰੰਤ ਪ੍ਰੋਸੀਡਿੰਗਜ ਈ ਆਫਿਸ ਰਾਹੀਂ ਸਕੱਤਰ ਸਕੂਲ ਸਿੱਖਿਆ ਜੀ ਨੂੰ ਭੇਜੀਆਂ ਜਾਣਗੀਆਂ।

5.0 ਸਕੱਤਰ ਸਕੂਲ ਸਿਖਿਆ ਜੀ ਪ੍ਰੋਸੀਡਿੰਗਜ ਮਾਨਯੋਗ ਸਿੱਖਿਆ ਮੰਤਰੀ ਜੀ ਨੂੰ ਪ੍ਰਵਾਨਗੀ ਹਿਤ ਭੇਜਣਗੇ ਅਤੇ ਪ੍ਰਵਾਨਗੀ ਉਪਰੰਤ ਆਨਲਾਈਨ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ ਜਾਵੇਗਾ ਅਤੇ ਪੋਰਟਲ ਤੇ ਅਪਲੋਡ ਕਰ ਦਿੱਤੀਆਂ ਜਾਣਗੀਆਂ।

6.0 ਇੰਨ੍ਹਾਂ ਹੁਕਮਾਂ ਦੀ ਇੰਨ ਬਿੰਨ ਪਾਲਣਾ ਕੀਤੀ ਜਾਵੇ।

ਸਕੱਤਰ
ਸਕੂਲ ਸਿੱਖਿਆ ਵਿਭਾਗ ਪੰਜਾਬ

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾਂ ਤੇ ਯੋਗ ਕਾਰਵਾਈ ਹਿਤ ਭੇਜਿਆ ਜਾਂਦਾ ਹੈ:-

1. ਡਾਇਰੈਕਟਰ ਜਨਰਲ ਸਕੂਲ ਸਿੱਖਿਆ ਵਿਭਾਗ, ਪੰਜਾਬ।
2. ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ) ਪੰਜਾਬ।
3. ਡਾਇਰੈਕਟਰ ਸਿੱਖਿਆ ਵਿਭਾਗ (ਐ.ਸਿ) ਪੰਜਾਬ।
4. ਡਾਇਰੈਕਟਰ ਐਸ.ਸੀ.ਈ.ਆਰ.ਟੀ ਪੰਜਾਬ।

ਸਕੱਤਰ
ਸਕੂਲ ਸਿੱਖਿਆ ਵਿਭਾਗ ਪੰਜਾਬ